# ਡਾਕਟਰ ਬਿਨਾਇਕ ਸੇਨ ਦੀ ਜ਼ਮਾਨਤ

ਹਿੰਦੁਸਤਾਨ ਦੀ ਸੁਪ੍ਰੀਮ ਕੋਰਟ ਨੇ ਡਾਕਟਰ ਬਿਨਾਇਕ ਸੇਨ ਨੂੰ ਜ਼ਮਾਨਤ ਦੇ ਦਿਤੀ ਹੈ ਜਿਸਦੇ ਖ਼ਿਲਾਫ਼ ਰਾਜ ਖ਼ਿਲਾਫ਼ ਬਗਾਵਤ ਅਤੇ ਤਖਤਾ ਪਲਟਣ ਦਾ ਮਨਘੜਤ ਇਲਜ਼ਾਮ ਲਾਇਆ ਗਿਆ ਸੀ। ਹੇਠਲੀ ਅਦਾਲਤ ਨੇ ਉਸਨੂੰ ਉਮਰ ਕੈਦ ਦੀ ਸਜ਼ਾ ਕੀਤੀ ਸੀ ਤੇ ਛੱਤੀਸਗੜ੍ਹ ਹਾਈਕੋਰਟ ਨੇ ਉਨ੍ਹਾਂ ਦੀ ਜ਼ਮਾਨਤ ਦੀ ਅਰਜ਼ੀ ਰੱਦ ਕਰ ਦਿੱਤੀ ਸੀ। ਸੁਪ੍ਰੀਮ ਕੋਰਟ ਨੇ ਜ਼ਮਾਨਤ ਲਈ ਅਪੀਲ ਦੀ ਸੁਣਵਾਈ ਕਰਦੇ ਅਤੇ ਫੈਸਲਾ ਦਿੰਦੇ ਕੋਈ ਜ਼ਿਆਦਾ ਦੇਰ ਨਹੀਂ ਲਾਈ। ਦੋ ਜੱਜਾਂ ਦੇ ਪੈਨਲ ਨੇ ਕਿਹਾ ਕਿ ਪੇਸ਼ ਕੀਤੇ ਗਏ ਸਬੂਤਾਂ ਦੇ ਅਧਾਰ ਤੇ ਡਾ. ਬਿਨਾਇਕ ਸੈਨ ਦੇ ਖ਼ਿਲਾਫ਼ ਦੇਸ਼-ਧ੍ਰੋਹ ਦਾ ਕੇਸ ਬਣਦਾ ਹੀ ਨਹੀਂ ਹੈ।

ਛੱਤੀਸਗੜ੍ਹ ਦੀ ਸਰਕਾਰ ਨੇ ਇਸ ਇਲਜ਼ਾਮ ਨੂੰ ਸਹੀ ਸਾਬਤ ਕਰਨ ਲਈ ਕਿਹਾ ਸੀ ਕਿ ਬਿਨਾਇਕ ਸੇਨ ਦੇ ਘਰੋਂ ਨਕਸਲੀ ਕਿਤਾਬਾਂ ਲੱਭੀਆਂ ਹਨ ਅਤੇ ਉਹ ਜੇਲ੍ਹ ਵਿਚ ਕਈ ਨਕਸਲੀ ਕੈਦੀਆਂ ਨਾਲ ਮੁਲਾਕਾਤਾਂ ਕਰਦਾ ਰਿਹਾ ਹੈ ਇਸ ਨਾਲ ਇਹ ਸਾਬਤ ਹੁੰਦਾ ਹੈ ਕਿ ਉਹ ਇਕ ਵੱਡਾ ਨਕਸਲੀ ਆਗੂ ਹੈ ਅਤੇ ਇਸ ਲਈ ਦੇਸ਼-ਧ੍ਰੋਹ ਦਾ ਇਲਜ਼ਾਮ ਅਤੇ ਕੇਸ ਦਰੁਸਤ ਹੈ। ਜੱਜ ਨੇ ਕਿਹਾ ਕਿ ਨਕਸਲੀ ਸਹਿਤ ਰੱਖਣ ਦਾ ਮਤਲਬ ਇਹ ਨਹੀਂ ਜਿਸ ਇਨਸਾਨ ਦੇ ਘਰ ਇਹ ਕਿਤਾਬਾਂ ਜਾਂ ਰਿਸਾਲੇ ਹਨ ਉਹ ਨਕਸਲੀ ਹੈ। ਉਸਨੇ ਸਰਕਾਰ ਦੇ ਵਕੀਲ ਦੀ ਖਿਚਾਈ ਕਰਦਿਆਂ ਪੁਛਿਆ ਕਿ ਜੇ ਕਿਸਦੇ ਘਰ ਗਾਂਧੀ ਦੀਆਂ ਕਿਤਾਬਾਂ ਹੋਣ ਤਾਂ ਕੀ ਇਸ ਦਾ ਮਤਲਬ ਹੈ ਕਿ ਉਹ ਗਾਂਧੀ ਦਾ ਪੈਰੋਕਾਰ ਅਤੇ ਉਸਦੀ ਸਿਖਿਆ ਤੇ ਚਲਣ ਵਾਲਾ ਹੈਂ? ਜੱਜ ਨੇ ਦੂਸਰੀ ਗੱਲ ਇਹ ਵੀ ਕਹੀ ਕਿ ਜੇਲ੍ਹ ਵਿਚ ਕੈਦੀਆਂ ਨਾਲ ਮੁਲਾਕਾਤ ਜੇਲ੍ਹ ਦੇ ਅਫਸਰਾਂ ਦੀ ਮੌਜੂਦਗੀ ਅਤੇ ਅਤੇ ਉਨ੍ਹਾਂ ਦੀ ਇਜਾਜ਼ਤ ਨਾਲ ਹੀ ਹੁੰਦੀ ਹੈ। ਇਸ ਲਈ ਇਸ ਨੂੰ ਨਕਸਲੀ ਲੀਡਰ ਹੋਣ ਦਾ ਸਬੂਤ ਨਹੀਂ ਮੰਨਿਆ ਜਾ ਸਕਦਾ।

ਡਾਕਟਰ ਬਿਨਾਇਕ ਸੇਨ ਪਿਛਲੇ ਤਿਨ ਦਹਾਕਿਆਂ ਤੋਂ ਛੱਤੀਸਗੜ੍ਹ ਦੇ ਕਬਾਇਲੀ ਇਲਾਕਿਆਂ ਵਿਚ ਲੋਕਾਂ ਦੀ ਸਿਹਤ-ਸੇਵਾ ਕਰ ਰਹੇ ਹਨ। ਉਨ੍ਹਾਂ ਦੇ ਉਦਮ ਨਾਲ ਇਨ੍ਹਾਂ ਇਲਾਕਿਆਂ ਵਿਚ ਲੋਕਾਂ ਨੂੰ ਸਿਹਤ ਦੀਆਂ ਸਹੂਲਤਾਂ ਮਿਲ ਰਹੀਆਂ ਹਨ। ਬਿਨਾਇਕ ਸੇਨ ਬੜੇ ਮਸ਼ਹੂਰ ਡਾਕਟਰ ਹਨ ਅਤੇ ਉਨ੍ਹਾਂ ਨੂੰ ਕਈ ਇੰਟਰਨੈਸ਼ਨਲ ਐਵਾਰਡ ਵੀ ਮਿਲੇ ਹਨ। ਉਹ ਛੱਤੀਸਗੜ੍ਹ ਦੀ ਮਨੁੱਖੀ ਹੱਕਾਂ ਦੀ ਇਕ ਜਥੇਬੰਦੀ ਦੇ ਮੀਤ ਪ੍ਰਧਾਨ ਵੀ ਹਨ। ਸਰਕਾਰ ਦੀ ਨਰਾਜ਼ਗੀ ਦਾ ਅਸਲੀ ਕਅਰਨ ਇਹ ਹੈ ਕਿ ਉਨ੍ਹਾਂ ਨੇ ਕਬਾਇਲੀ ਲੋਕਾਂ ਦੀ ਲੁੱਟ ਅਤੇ ਜਬਰ ਖ਼ਿਲਾਫ਼ ਹਿੰਦੁਸਤਾਨੀ ਫੌਜ ਅਤੇ ਨੀਮ ਫੌਜ ਦੇ ਖ਼ਿਲਾਫ਼ ਆਲਮੀ ਪੱਧਰ ਤੇ ਆਵਾਜ਼ ਬੁਲੰਦ ਕੀਤੀ ਹੈ। ਛੱਤੀਸਗੜ੍ਹ ਸਰਕਾਰ ਅਤੇ ਹਾਕਮ ਟੋਲਾ ਇਸ ਇਨਸਾਫ ਪਸੰਦ ਆਵਾਜ਼ ਨੂੰ ਕੁਚਲ ਕੇ ਦੂਸਰਿਆਂ ਲਈ ਵੀ ਇਕ ਮਿਸਾਲ ਬਣਾਉਣਾ ਚਾਹੁੰਦੇ ਹਨ।

ਡਾਕਟਰ ਬਿਨਾਇਕ ਸੇਨ ਦੀ ਹਿਮਾਇਤ ਵਿਚ ਦੁਨੀਆ ਭਰ ਵਿਚ ਲੋਕਾਂ ਨੇ ਮੁਜ਼ਾਹਰੇ ਅਤੇ ਰੈਲੀਆਂ ਕੀਤੀਆਂ ਹਨ ਜਿਸ ਨਾਲ ਉਨ੍ਹਾਂ ਦੀ ਆਵਾਜ਼ ਹੋਰ ਵੀ ਉੱਚੀ ਅਤੇ ਬੁਲੰਦ ਰਹੀ ਹੈ। ਜੇਲ੍ਹ ਵਿਚ ਵੀ ਉਨ੍ਹਾਂ ਦੇ ਹੌਸਲੇ ਬੁਲੰਦ ਹਨ। ਉਨ੍ਹਾਂ ਦੇ ਪਰਿਵਾਰ ਅਤੇ ਸਾਥੀਆਂ ਦੇ ਵੀ ਹੌਸਲੇ ਬੁਲੰਦ ਹਨ। ਦੁਨੀਆ ਦੇ ਚਾਲੀ ਤੋਂ ਵੀ ਵੱਧ ਨੋਬਲ ਇਨਾਮ ਜਿੱਤਣ ਵਾਲੇ ਮਸ਼ਹੂਰ ਵਿਦਵਾਨਾਂ ਨੇ ਉਨ੍ਹਾਂ ਤੇ ਲਾਏ ਗਏ ਇਨ੍ਹਾਂ ਫਰਜ਼ੀ ਇਲਜ਼ਾਮਾਂ ਦੀ ਨਿਖੇਧੀ ਕੀਤੀ ਹੈ।

ਹਿੰਦੁਸਤਾਨੀ ਹਾਕਮ ਟੋਲੇ ਨੂੰ ਇਹੋ ਜਿਹੀ ਇਨਸਾਫ ਪਸੰਦ ਆਵਾਜ਼ ਰਾਸ ਨਹੀਂ ਆਉਂਦੀ ਅਤੇ ਉਹ ਉਸਨੂੰ ਦਬਾਉਣ ਦੀ ਪੂਰੀ ਕੋਸ਼ਿਸ਼ ਕਰਦੇ ਹਨ। ਪਰ ਲੋਕਾਂ ਕੋਲ ਇਸਦੇ ਖ਼ਿਲਾਫ਼ ਘੋਲ ਦੇ ਇਲਾਵਾ ਹੋਰ ਕੋਈ ਰਾਹ ਵੀ ਨਹੀਂ। ਇਸ ਕਰਕੇ ਲੋਕ ਆਪਣੇ ਹੱਕਾਂ ਦੀ ਰਾਖੀ ਲਈ ਹਰ ਤਰਾਂ ਦੇ ਘੋਲ ਚਲਾ ਰਹੇ ਹਨ। ਬਿਨਾਇਕ ਸੇਨ ਲੋਕਾਂ ਦੇ ਇਸ ਘੋਲ ਅਤੇ ਤਾਂਘ ਦਾ ਨੁਮਾਇੰਦਾ ਹੈ। ਤਾਰੀਖ਼ ਗਵਾਹ ਹੈ ਕਿ ਹੱਕ ਦੀ ਅਵਾਜ਼ ਨੂੰ ਦਬਾਇਆ ਨਹੀਂ ਜਾ ਸਕਦਾ।